ਅੱਲਾਹ ਦਾ ਨਾਮ, ਸਭ ਤੋਂ ਫਾਇਦੇਮੰਦ, ਸਭ ਤੋਂ ਮਿਹਰਬਾਨ

ਇਹ ਉਹ ਹੈ ਜਿਸਨੇ ਤੁਹਾਡੇ ਵਿਚਕਾਰ ਬਿਹਤਰੀਨ ਵਰਤਾਅ ਦੇ  ਪਰਸਪਰ ਮੁਕਾਬਲੇ ਨੂੰ ਉਤਸਾਹਿਤ ਕਰਨ ਲਈ ਸਵਰਗ ਅਤੇ ਧਰਤੀ ਬਣਾਏ।

ਹੱਜ ਫੰਡ ਆੱਫ਼ ਇੰਡੀਆ (ਭਾਰਤੀ ਹੱਜ ਫੰਡ) ™

(ਜਾਕਤ ਫਾਊਂਡੇਸ਼ਨ ਆੱਫ਼ ਇੰਡੀਆ ਦੀ ਇੱਕ ਇਕਾਈ- ਪੰਜੀਕ੍ਰਿਤ ਟਰੱਸਟ)

ਕਦੇ ਵੀ ਕਿਸੇ ਵੀ ਸਮੇਂ ਸਾਰੇ ਵਿਸ਼ਵ ਦੇ ਸਾਰੇ ਮੁਸਲਿਮ ਹੱਜ ਤੇ ਨਹੀਂ ਗਏ। ਹੱਜ ਕਰਨਾ ਹਮੇਸ਼ਾ ਕੁਝ ਚੁਣੇ ਗਏ ਲੋਕਾਂ ਨੂੰ ਨਸੀਬ ਹੁੰਦਾ ਹੈ। ਇਹ ਅੱਲਾਹ ਦੇ ਹੁਕਮ ਅਨੁਸਾਰ ਹੈ। ਅੱਲਾਹ ਕਰੇ, ਤੁਹਾਡੀ ਵੀ 'ਚੁਣਿੰਦਾ ਕੁਝ ਲੋਕਾਂ' ਦਾ ਹਿੱਸਾ ਬਣਨ ਦੀ ਇੱਛਾ ਹੋਵੇ।

**HFI ਤੁਹਾਡੀ ਹੱਜ ਲਈ ਬੱਚਤ ਕਰਨ ਦੀ ਮੌਲਿਕ ਧਾਰਮਿਕ ਲੋੜ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਇਸ ਬੱਚਤਾਂ ਨੂੰ ਪਵਿੱਤਰ ਰਿਬਾ-ਮੁਕਤ ਸੁਰੱਖਿਆ ਵਿੱਚ ਰੱਖਦਾ ਹੈ।**

ਹਰ ਸਾਲ ਹੱਜ ਦੇ ਖਰਚੇ ਵਧਦੇ ਜਾ ਰਹੇ ਹਨ। ਔਸਤ ਦੇ ਆਧਾਰ ਤੇ ਹੱਜ ਲਈ ਬੱਚਤ ਕਰਨ ਵਿੱਚ ਇੱਕ ਮੁਸਲਿਮ ਸੱਤ ਤੋਂ ਅੱਠ ਸਾਲ ਲਗਾਉਂਦਾ ਹੈ। ਇਸ ਸਮੇਂ ਦੌਰਾਨ, ਅਸੀਂ ਭਾਰਤੀ ਮੁਸਲਿਮ ਅਕਸਰ ਅਨਿਯਮਿਤ ਅਤੇ ਪਰੰਪਰਾਗਤ ਤਰੀਕੇ ਨਾਲ ਧਨ ਦੀ ਬੱਚਤ ਕਰਦੇ ਹਾਂ। ਸਾਡੇ ਵਿੱਚੋਂ ਕਈ ਲੋਕ ਤਾਂ ਇਹ ਮੰਨਦੇ ਹਨ ਕਿ ਧਨ

ਬਿਸਤਰ, ਸਿਰਹਾਣੇ, ਘੜੇ ਦੇ ਹੇਠਾਂ ਵਿੱਚ ਜਾਂ ਇੱਥੋਂ ਤੱਕ ਕਿ ਬੈਂਕ ਦੇ ਲਾੱਕਰ ਵਿੱਚ ਵੀ ਨਾ ਕੇਵਲ ਸੁਰੱਖਿਅਤ ਹੈ ਸਗੋਂ ਬੱਚਤ ਦੀਆਂ ਅਜਿਹੀਆਂ ਵਿਧੀਆਂ ਰਿਬਾ ਤੋਂ ਵੀ ਮੁਕਤ ਹਨ।

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਆਪਣੀਆਂ ਬੱਚਤਾਂ ਨੂੰ  ਇਹ ਸੁਨਿਸ਼ਚਿਤ ਕਰਨ ਲਈ ਪਰੰਪਰਾਗਤ ਬੈਂਕਿੰਗ ਪ੍ਰਣਾਲੀ ਵਿੱਚ ਰੱਖਣਾ ਪਸੰਦ ਨਹੀਂ ਕਰਦੇ ਕਿ ਸਾਡੀ ਪਵਿੱਤਰ ਆਮਦਨ ਨੂੰ ਸ਼ਰੀਅਤ ਵਿੱਚ ਪਾਬੰਦੀਸ਼ੁਦਾ ਵਪਾਰਿਕ ਕਿਰਿਆ ਵਿਆਜ਼ ਤੇ ਦੇਣ ਲਈ ਨਾ ਵਰਤੀ ਜਾਵੇ। ਹਾਲਾਂਕਿ ਆਧੁਨਿਕ ਸਮੇਂ ਵਿੱਚ ਬੈਂਕ ਤੋਂ ਇਲਾਵਾ ਕਿਸੇ ਵੀ ਸਥਾਨ ਤੇ ਬੱਚਤ ਦੀ ਸੁਰੱਖਿਆ ਦੀ ਪੂਰੀ ਗਾਰੰਟੀ ਨਹੀਂ ਮਿਲਦੀ। ਇਹ ਇੱਕ ਵਿਰੋਧਾਭਾਸ ਹੈ।

**ਸਮਾਜਿਕ ਉੱਥਾਨ ਨੂੰ ਸਮਰਪਿਤ ਹੱਜ ਬੱਚਤਾਂ**

ਜੇਕਰ ਅਸੀਂ ਹੱਜ ਲਈ ਵਿਅਕਤੀਗਤ ਬੱਚਤਾਂ ਨੂੰ ਸ਼ਾਮਿਲ ਕਰਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਧਨ ਦੀ ਵੱਡੀ ਰਾਸ਼ੀ ਸਥਿਰ ਰਹਿੰਦੀ ਹੈ ਅਤੇ ਕੋਈ ਆਰਥਿਕ ਕਿਰਿਆ ਨਹੀਂ ਕਰਦੀ। ਇਹ ਇਸਲਾਮਿਕ ਭਾਵਨਾ ਦੇ ਵਿਰੁੱਧ ਹੈ। ਹੱਜ ਲਈ ਧਨ ਇਕੱਠਾ ਕਰਨ ਲਈ ਜ਼ਮੀਨ ਅਤੇ ਪ੍ਰੋਪਰਟੀ ਵੇਚਣ ਦੀ ਵੀ ਪ੍ਰਥਾ ਹੈ। ਇਹ ਫਿਰ ਵਿਅਕਤੀਆਂ ਜਾਂ ਮਿੱਲਤ ਦੇ ਆਰਥਿਕ ਵਾਧੇ ਵਿੱਚ ਯੋਗਦਾਨ ਨਹੀਂ ਦਿੰਦਾ।

**ਹੱਜ ਫੰਡ ਆੱਫ਼ ਇੰਡੀਆ ਇਸ ਸਮੱਸਿਆ ਦੇ ਹੱਲ ਲਈ ਉਸ ਢੰਗ ਨਾਲ ਅੱਗੇ ਆਇਆ ਹੈ ਜੋ ਹੱਜ ਲਈ ਬੱਚਤ ਕਰਨ ਦੌਰਾਨ ਤੁਹਾਡਾ ਸਵਾਬ ਵਧਾਉਂਦਾ ਹੈ।**ਇਹ ਪਵਿੱਤਰ ਉਦੇਸ਼ ਲਈ ਤੁਹਾਡੀਆਂ ਬੱਚਤਾਂ ਦੀ ਸੁਰੱਖਿਆ ਨੂੰ ਆਸਾਨ ਬਣਾ ਕੇ ਇੱਕ ਸੇਵਾ ਏਜੰਸੀ ਦੇ ਰੂਪ ਵਿੱਚ ਕੰਮ ਕਰਦਾ ਹੈ। ਇਹ ਸੇਵਾ ਨੇ ਕਾਨੂੰਨੀ ਸੰਸ਼ੋਧਨ ਕੀਤਾ ਹੈ।

ਕੋਈ ਵੀ ਭਾਰਤੀ ਭਾਈ/ਭੈਣ ਮੁਸਲਿਮ HFI ਵਿੱਚ ਆਪਣਾ ਹੱਜ ਖਾਤਾ ਖੁਲਵਾ ਸਕਦਾ ਹੈ। ਇਸ ਹੱਜ ਖਾਤੇ ਵਿੱਚ ਕਿਸੇ ਸਮੇਂ ਵੀ ਹਜ਼ਾਰ ਦੀ ਗੁਣਜ ਜਿਵੇਂ 1,000, 2,000, 3,000, 4,000, 5,000 ਆਦਿ ਰਾਸ਼ੀ ਜਮ੍ਹਾਂ ਕਰਵਾਈ ਜਾ ਸਕਦੀ ਹੈ। ਕੋਈ ਉਪਰੀ ਸੀਮਾ ਨਹੀਂ ਹੈ।

**ਹੱਜ ਫੰਡ ਔੱਫ਼ ਇੰਡੀਆਂ ਵਿੱਚ ਰਾਸ਼ੀਆਂ ਜਮ੍ਹਾਂ ਕਰਵਾਉਣਾ**

" ਹੱਜ ਫੰਡ ਔੱਫ਼ ਇੰਡੀਆ ਖਾਤਾ ਨੰ. 603020110000239, ਬੈਂਕ ਔੱਫ਼ ਇੰਡੀਆ" ਦੇ ਪੱਖ ਵਿੱਚ, ਤੁਹਾਨੂੰ ਜਾਂ ਤਾਂ ਆਪਣੀ ਧਨ ਰਾਸ਼ੀ ਦਾ ਇੱਕ ਬੈਂਕ ਡ੍ਰਾਫ਼ਟ ਲੈਣਾ ਹੋਵੇਗਾ ਜਾਂ "ਖਾਤਾ ਭੁਗਤਾਨਕਰਤਾ" ਚੈਕ ਦੇਸ਼ ਵਿੱਚ ਬੈਂਕ ਔੱਫ਼ ਇੰਡੀਆ ਦੀ ਕਿਸੇ ਵੀ ਬਰਾਂਚ ਵਿੱਚ ਜਮ੍ਹਾਂ ਕਰਵਾਉਣਾ ਪਵੇਗਾ।

ਜੇਕਰ ਕੋਈ ਡ੍ਰਾਫ਼ਟ/ਚੈਕ ਹੈ, ਤਾਂ ਤੁਹਾਨੂੰ ਇਸਦੇ ਪਿੱਛੇ ਤੁਹਾਨੂੰ ਆਪਣਾ ਪੂਰਾ ਨਾਮ, ਪਤਾ ਅਤੇ ਫੋਨ ਨੰਬਰ ਲਿਖਣਾ ਪਵੇਗਾ। ਕਿਰਪਾ ਕਰਕੇ ਡ੍ਰਾਫ਼ਟ/ਚੈਕ ਦੀਆਂ ਦੋ ਕਾਪੀਆਂ ਬਣਾਓ। ਅਜਿਹਾ ਕਰਨ ਤੋਂ ਬਾਅਦ, ਕਿਰਪਾ ਕਰਕੇ ਖਾਤਾ ਖੋਲ੍ਹਣ ਵਾਲਾ ਫਾਰਮ (HFI-A) ਭਰੋ ਅਤੇ ਇਸਨੂੰ ਆਪਣੇ ਡ੍ਰਾਫ਼ਟ ਦੀ ਫੋਟੋਕਾਪੀ ਦੇ ਨਾਲ ਭੇਜੋ ਜਾਂ ਚੈਕ ਸਪੀਡ ਪੋਸਟ ਜਾਂ ਰਜਿਸਟਰਡ ਪੋਸਟ ਦੁਆਰਾ ਹੇਠਾਂ ਦਿੱਤੇ ਪਤੇ ਤੇ ਭੇਜੋ: **CEO, ਹੱਜ ਫੰਡ ਔੱਫ਼ ਇੰਡੀਆ,CISRSਹਾਊਸ, 14 ਜਗਨਪੁਰਾ B, ਮਥੁਰਾ ਰੋਡ, ਨਵੀਂ ਦਿੱਲੀ 110014**

**ਹੱਜ ਔੱਫ਼ ਇੰਡੀਆ ਤੋਂ ਧਨ ਕਢਵਾਉਣਾ**:

ਹੱਜ ਕਰਨ ਜਾਣ ਸਮੇਂ ਆਪਣੇ ਖਾਤੇ ਤੋਂ ਧਨ ਕਢਵਾਉਣਾ ਬਹੁਤ ਆਸਾਨ ਹੈ।

ਫਾਰਮ HFI-B ਵਿੱਚ ਅਰਜ਼ੀ ਤੁਸੀਂ ਸਾਨੂੰ ਡਾਕ ਦੁਆਰਾ ਭੇਜੋਗੇ ਜਾਂ ਖੁਦ ਦੇ ਕੇ ਜਾਵੋਗੇ। ਅਸੀਂ ਤੁਹਾਡੇ ਜਾਂ ਹੱਜ ਕਮੇਟੀ ਜਾਂ ਤੁਹਾਡੇ ਟ੍ਰੈਵਲ ਏਜੰਟ ਦੇ ਨਾਮ ਤੇ ਇੱਕ ਚੈਕ ਜਾਂ ਭੁਗਤਾਨ ਔੱਡਰ ਜਾਰੀ ਕਰਾਂਗੇ। ਇਹ ਤੁਹਾਡੀ ਪਸੰਦ ਹੈ। ਇਸਨੂੰ ਸਪੀਡ ਪੋਸਟ ਜਾਂ ਰਜਿਸਟਰਡ ਡਾਕ ਦੁਆਰਾ ਭੇਜਿਆ ਜਾਵੇਗਾ ਜਾਂ ਤੁਸੀਂ ਖੁਦ ਆ ਕੇ ਲੈ ਸਕਦੇ ਹੋ।

ਸਮੁਦਾਇਕ ਲਾਭ ਲਈ ਹੱਜ ਫੰਡ ਔੱਫ਼ ਇੰਡੀਆ ਦੀ ਵਰਤੋਂ ਕਰਨਾ:

**HFI ਦੀ ਇੱਕ ਸ਼ਰੀਅਤ ਸਲਾਹ ਕੌਂਸਿਲ ਹੈ** (ਪੂਰਨ ਸੂਚੀ ਦੇਖੋ ) ਜੋ ਵਿੱਤੀ ਮਾਮਲਿਆਂ ਦਾ ਧਿਆਨ ਰੱਖਦੀ ਹੈ ਅਤੇ ਇਹਨਾਂ ਬਾਰੇ ਸਲਾਹ ਦਿੰਦੀ ਹੈ।

ਹੱਜ ਫੰਡ ਔੱਫ਼ ਇੰਡੀਆ ਦੇ ਕੁਝ ਭਾਗ ਗਰੀਬ ਮੁਸਲਮਾਨਾਂ ਨੂੰ ਥੋੜ੍ਹੇ ਸਮੇਂ ਲਈ ਮਾਈਕ੍ਰੋਫਾਇਨਾਂਸ ਲੋਨ ਦੇਣ ਲਈ ਵਰਤੇ ਜਾਂਦੇ ਹਨ। ਉਦਾਹਰਨ ਲਈ, ਇੱਕ ਰਿਕਸ਼ਾ ਚਾਲਕ ਇੱਕ ਰਿਕਸ਼ਾ (ਆਪਣੇ ਮਾਲਿਕ ਨੂੰ ਰੋਜ਼ਾਨਾ ਰਿਕਸ਼ੇ ਦਾ ਕਿਰਾਇਆ ਦੇਣ ਦੀ ਬਜਾਇ) ਖਰੀਦਦਾ ਹੈ। ਉਹ ਛੇ ਮਹੀਨਿਆਂ ਦੇ ਸਮੇਂ ਵਿੱਚ ਆਪਣੀਆਂ ਬੱਚਤਾਂ ਵਿੱਚੋਂ ਸਾਨੂੰ ਕਰਜ਼ਾ (ਬਿਨਾਂ ਵਿਆਜ਼) ਵਾਪਿਸ ਕਰ ਦਿੰਦਾ ਹੈ।

ਇਸ ਤਰ੍ਹਾਂ, ਰਿਕਸ਼ਾ ਚਾਲਕ ਨੂੰ ਆਰਥਿਕ ਤੌਰ ਤੇ ਸਮਰੱਥ ਬਣਾਉਣ ਤੋਂ ਬਾਅਦ ਛੇ ਮਹੀਨਿਆਂ ਅੰਦਰ ਕਰਜ਼ੇ ਦੀ ਰਾਸ਼ੀ ਵਾਪਿਸ ਆ ਜਾਂਦੀ ਹੈ।

ਜਮ੍ਹਾਂ ਰਾਸ਼ੀਆਂ ਤੇ ਵੀ HFI ਜਮ੍ਹਾਕਰਤਾਵਾਂ ਵੱਲੋਂ ਇਸਦੇ ਮੁੱਖ ਸੰਗਠਨ, ਜਾਕਤ ਫਾਉਂਡੇਸ਼ਨ ਔੱਫ਼ ਇੰਡੀਆ ਨੂੰ ਜਾਕਤ ਭੁਗਤਾਨ ਕਰਦਾ ਹੈ।

ਖਾਤਾਧਾਰਕਾਂ ਦੀ ਸੰਤੁਸ਼ਟੀ ਹੋਰ ਵਧ ਜਾਂਦੀ ਹੈ ਕਿ HFI ਜਮ੍ਹਾਂਕਰਤਾਵਾਂ ਦੇ ਖਾਤਿਆਂ ਤੋਂ ਜਾਕਤ ਇਕੱਠਾ ਕਰਕੇ ਮਹੱਤਵਪੂਰਨ ਸਮਾਜਿਕ ਸੇਵਾਵਾਂ ਪ੍ਰਦਾਨ ਕਰਦਾ ਹੈ। ਇਸ ਰਾਸ਼ੀ ਦੀ ਵਰਤੋਂ ਜਾਕਤ ਫਾਊਂਡੇਸ਼ਨ ਆੱਫ਼ ਇੰਡੀਆ ਦੁਆਰਾ ਕੁਰਾਨ ਵਿੱਚ ਨਿਸ਼ਚਿਤ ਸ਼੍ਰੇਣੀਆਂ ਅਨੁਸਾਰ ਜਰੂਰਤਮੰਦ ਦੀ ਸਹਾਇਤਾ ਲਈ ਕੀਤੀ ਜਾਂਦੀ ਹੈ।

ਇਸ ਤਰ੍ਹਾਂ, ਹੱਜ ਦੀ ਬੱਚਤਾਂ ਦੀ ਪਵਿੱਤਰਤਾ ਵੱਧ ਜਾਂਦੀ ਹੈ ਅਤੇ ਈਂਸ਼ਾ ਅੱਲਾਹ ਤੁਹਾਡੇ ਹੱਜ ਕਰਨ ਦਾ ਸਵਾਬ (ਪੁੰਨ) ਵਧ ਜਾਵੇ। ਅਜਿਹਾ ਕਰਨ ਤੋਂ ਬਾਅਦ, ਹਰ ਸਥਿਤੀ ਵਿੱਚ ਹੱਜ ਦਾ ਸਭ ਤੋਂ ਵੱਡਾ ਉਦੇਸ਼- "ਸਮੁਦਾਇ ਵਿਅਕਤੀ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ"- ਜੀਵਨ ਵਿੱਚ ਤੁਹਾਡਾਉੱਚੇ ਸਥਾਨ ਰੱਖਦੇ ਹੋਏ ਤਰੀਕੇ ਨਾਲ ਪੂਰਾ ਹੁੰਦਾ ਹੈ।

HFI ਭਾਰਤੀ ਮੁਸਲਿਮਾਂ ਨੂੰ ਛੋਟੀ ਉਮਰ ਤੋਂ ਹੀ ਬੱਚਤ ਸ਼ੁਰੂ ਕਰਨ ਲਈ ਪ੍ਰੇਰਿਤ ਕਰਦਾ ਹੈ ਤਾਂ ਕਿ ਉਹ ਵੱਡੇ ਹੋ ਕੇ ਆਪਣੇ ਧਾਰਮਿਕ ਸਥਾਨ ਤੇ ਜਾਣ ਦੇ ਯੋਗ ਹੋਣ। ਭਾਰਤੀ ਮੁਸਲਿਮ ਸਮਾਜ ਦੇ ਸਾਰੇ ਭਾਗਾ ਨੂੰ ਉਦੋਂ ਮਾਣ ਮਹਿਸੂਸ ਹੋਵੇਗਾ ਜਦੋਂ ਉਹਨਾਂ ਦਾ ਖਾਤਾ ਇੱਕ ਚਾਹਵਾਨ ਧਾਰਮਿਕ ਯਾਤਰੀ ('ਆਜ਼ਮ-ਏ-ਹੱਜ) ਦੇ ਤੌਰ ਤੇ HFI ਵਿੱਚ ਹੋਵੇਗਾ।

ਪੂਰੇ ਇਤਿਹਾਸ ਵਿੱਚ, 'ਹੱਜ ਅਰਥਵਿਵਸਥਾ' ਖ਼ੁਸ਼ਹਾਲੀ ਦਾ ਸਰੋਤ ਰਹੀ ਹੈ। ਅੱਜ ਦੇ ਵਿਸ਼ਵ ਦੀ ਅਰਥਵਿਵਸਥਾ ਵਿੱਚ, ਹੱਜ ਨਾਲ ਜੁੜੇ ਕੌਸ਼ਲਾਂ ਦਾ – ਜੇ ਯੋਜਨਾਬੱਧ ਤਰੀਕੇ ਨਾਲ ਲਾਭ ਉਠਾਇਆ ਜਾਵੇ ਤਾਂ ਇਹ ਸਮੁਦਾਇ ਦੇ ਉੱਥਾਨ ਦਾ ਸਰੋਤ ਬਣ ਸਕਦੇ ਹਨ।

ਅੱਜ ਦੇ ਆਧੁਨਿਕ ਵਿਸ਼ਵ ਵਿੱਚ ਇਸਲਾਮ ਧਰਮ ਦੀਆਂ ਸਿੱਖਿਆਵਾਂ ਨੂੰ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ ਅਤੇ ਇੱਕ ਵਾਰ ਲਾਗੂ ਕਰਨ ਤੋਂ ਬਾਅਦ, ਇਹ ਵਿਅਕਤੀਆਂ ਦੇ ਨਾਲ –ਨਾਲ ਉਮਾਹ ਲਈ ਉਪਯੋਗੀ ਅਤੇ ਲਾਭਦਾਇਕ ਕਿਵੇ ਹੋ ਸਕਦੀਆਂ ਹਨ, HFI, ਇਹਨਾਂ ਜਤਨਾਂ ਦੀਆਂ ਕਈ ਉਦਾਹਰਨਾ ਵਿੱਚੋਂ ਇੱਕ ਹੈ।

ਹੱਜ ਦੇ ਫੰਡ ਬਾਰੇ ਵੇਰਵਾ:

**ਉਰਦੂ**: ਹੱਜ ਦੇ ਫੰਡ ਦੀਆਂ ਪਾਲਿਸੀਆਂ ਇੱਥੇ ਕਲਿੱਕ ਕਰੋ>

**ਅੰਗਰੇਜ਼ੀ**: ਹੱਜ ਦੇ ਫੰਡ ਦੀਆਂ ਪਾਲਿਸੀਆਂ ਇੱਥੇ ਕਲਿੱਕ ਕਰੋ>

**ਹੱਜ ਫੰਡ ਆੱਫ਼ ਇੰਡੀਆ ਖਾਤਾ ਕਿਵੇਂ ਖੁਲ੍ਹਵਾਇਆ ਜਾਵੇ**:

ਕਿਰਪਾ ਕਰਕੇ ਡਾਊਨਲੋਡ ਕਰੋ ਅਤੇ ਇੱਥੇ> ਉਪਲਬਧ ਆਪਣਾ 'ਖਾਤਾ ਖੁਲ੍ਹਵਾਉਣ ਵਾਲਾ ਫਾਰਮ' ਭਰੋ। ਫਾਰਮ ਭਰੋ ਅਤੇ ਇਸਨੂੰ ਸਪੀਡ ਪੋਸਟ ਜਾਂ ਰਜਿਸਟਰਡ ਡਾਕ ਦੁਆਰਾ ਦਿੱਤੇ ਪਤੇ ਤੇ ਭੇਜ ਦਿਓ। ਤੁਸੀਂ ਆਪਣੇ ਚੈਕ ਜਾਂ ਡ੍ਰਾਫ਼ਟ ਬੈਂਕ ਆੱਫ਼ ਇੰਡੀਆ ਦੀ ਕਿਸੇ ਵੀ ਬਰਾਂਚ ਵਿੱਚ ਜਮ੍ਹਾਂ ਕਰਵਾ ਸਕਦੇ ਹੋ। ਸਾਰੀਆਂ ਬਰਾਂਚਾਂ ਦੀ ਸੂਚੀ ਤੁਸੀਂ ਇੱਥੇ ਕਲਿੱਕ ਕਰਕੇ >ਦੇਖ ਸਕਦੇ ਹੋ।

*'ਹੱਜ ਫੰਡ ਆੱਫ਼ ਇੰਡੀਆ' ਭਾਰਤੀ ਟ੍ਰੇਡਮਾਰਕ ਐਕਟ ਤਹਿਤ **ਟ੍ਰੇਡਮਾਰਕ** ਹੈ

ਪ੍ਰਸ਼ਨ? ਕਿਰਪਾ ਕਰਕੇ hajfundofindia@zakatindia.org ਤੇ ਈਮੇਲ ਭੇਜੋ

(4/10 ਨੂੰ ਅਪਡੇਟ ਕੀਤਾ ਗਿਆ)

"**ਭਾਰਤੀ ਹੱਜ ਕਮੇਟੀ** ਨੇ ਪਵਿੱਤਰ ਰਿਬਾ-ਮੁਕਤ ਸੁਰੱਖਿਆ ਵਿੱਚ ਸਮੁਦਾਇ ਦੀ ਭਲਾਈ ਅਤੇ ਚਾਹਵਾਨ ਧਾਰਮਿਕ ਯਾਤਰੀਆਂ ਦੀਆਂ ਬੱਚਤਾਂ ਦੀ ਸੁਰੱਖਿਆ ਲਈ **ਹੱਜ ਫੰਡ ਔੱਫ਼ ਇੰਡੀਆ** ਨਾਮ ਦੀ ਇੱਕ ਵੱਖਰੀ ਇਕਾਈ ਚਲਾਉਣ ਦੀ ਯੋਜਨਾ ਬਣਾਈ ਹੈ...।"

"ਇਸ ਯੋਜਨਾ ਦਾ ਪ੍ਰੈਸ ਅਤੇ ਇਲੈਕਟ੍ਰੋਨਿਕ ਮੀਡੀਆ ਦੁਆਰਾ ਵਿਆਪਕ ਤੌਰ ਤੇ ਪ੍ਰਚਾਰ ਕਰਨਾ ਚਾਹੀਦਾ ਹੈ।"

ਭਾਰਤੀ ਹੱਜ ਕਮੇਟੀ

(ਪੱਤਰ GEN/2010/1055, ਤਾਰੀਖ. 22 ਅਪ੍ਰੈਲ, 2010)